30th Nov. 1996

# ਆਟਾ 8 ਰੁਪਏ ਕਿਲੋ ...

ਗੁਰਸ਼ਰਨ ਸਿੰਘ

ਇਸ ਵੇਲੇ ਆਟਾ ਮਾਰਕੀਟ ਵਿਚ 8 ਰੁਪਏ ਕਿਲੋ ਮਿਲ ਰਿਹਾ ਹੈ। ਇਹ ਅਪ੍ਰੈਲ ਮਈ ਵਿਚ 5 ਰੁਪਏ ਕਿਲੋ ਸੀ ਯਾਨੀ 6 ਮਹੀਨਿਆਂ ਵਿਚ ਇਹਦੀ ਕੀਮਤ 60 ਫੀਸਦੀ ਵੱਧ ਗਈ ਹੈ। ਕੋਈ ਕੁਦਰਤੀ ਆਫਤ ਨਹੀਂ ਆਈ, ਕੋਈ ਜੰਗ ਨਹੀਂ ਹੋਈ, ਫੇਰ ਇਹ ਕੀਮਤ ਕਿਉਂ ਵੱਧ ? ਇਹਦਾ ਜ਼ਿੰਮੇਵਾਰ ਕੌਣ ਏ ਤੇ ਇਹ ਜਿਹੜੀ ਵਾਧੂ ਕਮਾਈ ਹੈ ਇਹ ਕਿਸਦੇ ਕੋਲ ਗਈ ? ਇਹ ਕਹਿਣਾ ਕਾਫੀ ਨਹੀਂ ਕਿ ਕਿਸਾਨ ਲੁੱਟਿਆ ਗਿਆ ਤਾਂ ਕਿਹੜਾ ਕਿਸਾਨ ਲੁੱਟਿਆ ਗਿਆ ? ਫਸਲ ਵੇਲੇ ਉਹੀ ਕਿਸਾਨ ਲੁੱਟਿਆ ਗਿਆ, ਜਿਸਨੂੰ ਆਪਣੀ ਫਸਲ ਇਕ ਦਮ ਮੰਡੀ ਵੇਚਣ ਦੀ ਮਜ਼ਬੂਰੀ ਸੀ, ਕਿਉਂਕਿ ਉਸ ਉਤੇ ਕਰਜ਼ਿਆਂ ਦਾ ਭਾਰ ਸੀ, ਜਿਸ ਦਾ ਵਿਆਜ਼ ਉਸਦਾ ਲੱਕ ਤੋੜ ਰਿਹਾ ਸੀ। ਧਨੀ ਕਿਸਾਨ, ਜਿਹੜਾ ਆਪਣੀ ਫਸਲ ਸਾਂਭ ਸਕਦਾ ਸੀ, ਉਹ ਨਹੀਂ ਲੁੱਟਿਆ ਗਿਆ, ਉਹ ਸਗੋਂ ਹੁਣ ਦੀ ਲੁੱਟ ਦਾ ਭਾਈਵਾਲ ਹੈ। ਲੁੱਟਿਆ ਹਰ ਹਾਲਤ ਵਿਚ ਗਰੀਬ ਹੀ ਗਿਆ ਹੈ।

ਇਹ ਕਦੀ ਨਹੀਂ ਭੁਲਣਾ ਚਾਹੀਦਾ ਕਿ ਇਸ ਵੇਲੇ ਸਰਕਾਰ ਕੇਂਦਰ ਵਿਚ ਸਾਂਝੇ ਫਰੰਟ ਦੀ ਹੈ । ਪੰਜਾਬ ਵਿਚ ਸਰਕਾਰ ਕਾਂਗਰਸ ਦੀ ਹੈ। ਫੂਡ ਕਾਰਪੋਰੇਸ਼ਨ ਆਫ ਇੰਡੀਆ (ਐਫ.ਸੀ.ਆਈ.) ਕੇਂਦਰ ਸਰਕਾਰ ਦੀ ਸੰਸਥਾ ਹੈ। ਪਨਸਪ ਪੰਜਾਬ ਸਰਕਾਰ ਦੀ ਸੰਸਥਾ ਹੈ । ਇਹ ਦੋਨੋਂ ਸੰਸਥਾਵਾਂ ਮੰਡੀ ਦੇ ਭਾਅ ਕੰਟਰੋਲ ਕਰਨ ਵਿਚ ਅਤੇ ਗਰੀਬ ਬੰਦੇ ਦੀ ਲੁੱਟ ਨੂੰ ਰੋਕਣ ਲਈ ਕੀ ਕਰ ਰਹੀਆਂ ਹਨ ? ਇਹਨਾਂ ਸੰਸਥਾਵਾਂ ਕੋਲ ਜਿਹੜੇ ਅਨਾਜ ਦੇ ਭੰਡਾਰ ਹਨ ਉਹ ਮੰਡੀ ਵਿਚ ਕਿਉਂ ਨਹੀਂ ਦਖ਼ਲ ਅੰਦਾਜ਼ੀ ਕਰ ਸਕਦੀਆਂ ? ਕਿਹਾ ਜਾਂਦਾ ਹੈ ਕਿ ਇਹ ਮਾਰਕੀਟ ਦੇ ਗੁੰਝਲਦਾਰ ਮਸਲੇ ਹਨ, ਪਰ ਅਸਲੀਅਤ ਇਹ ਹੈ ਕਿ ਇਹ ਕੋਈ ਗੁੰਝਲਦਾਰ ਨਹੀਂ। ਇਹ ਇਸ ਨਿਕੰਮੇ ਪ੍ਰਬੰਧ ਦਾ ਖਾਸਾ ਹੈ, ਜਿਸਦੀ ਪ੍ਰਬੰਧਕੀ ਨਾਲਾਇਕੀ ਕਰਕੇ ਆਮ ਬੰਦਾ ਲੁੱਟਿਆ ਜਾ ਰਿਹਾ ਹੈ ਤੇ ਹਰ ਕੋਈ ਬੇਵੱਸੀ ਵਿਚ ਹੱਥ ਖੜ੍ਹੇ ਕਰ ਰਿਹਾ ਹੈ। ਨਾਂ ਹੀ ਅਖ਼ਬਾਰਾਂ ਵਾਲੇ ਇਸਦਾ ਨੋਟਿਸ ਲੈ ਰਹੇ ਹਨ ਤੇ ਨਾ ਹੀ ਲੋਕ ਹਿਤੈਸ਼ੀ ਪਾਰਟੀਆਂ ਇਸ ਨੂੰ ਮੁੱਦਾ ਬਣਾ ਕੇ ਲੋਕਾਂ ਦੀ ਰਹਿਨੁਮਾਈ ਕਰ ਰਹੀਆਂ ਹਨ ਜਾਂ ਲੋਕਾਂ ਨੂੰ ਲਾਮਬੰਦ ਕਰ ਰਹੀਆਂ ਹਨ।

ਇਹ ਕਹਿ ਕੇ ਵੀ ਗੱਲ ਟਾਲੀ ਨਹੀਂ ਜਾ ਸਕਦੀ ਕਿ ਸਰਕਾਰ ਅਸਰਦਾਇਕ ਤਰੀਕੇ ਨਾਲ ਤਾਂ ਹੀ ਦਖਲਅੰਦਾਜ਼ੀ ਕਰ ਸਕਦੀ ਹੈ ਜੇ ਉਹਦੀ ਆਪਣੀ ਮਸ਼ੀਨਰੀ ਭ੍ਰਿਸ਼ਟਾਚਾਰੀ ਨਾ ਹੋਵੇ। ਸਰਕਾਰ ਦਾ ਕੁੰਜੀ ਪ੍ਰਬੰਧ ਆਈ.ਏ.ਐਸ. ਅਫ਼ਸਰਾਂ ਕੋਲ ਹੈ। ਇਹ ਅਫ਼ਸਰ ਮੁਕਾਬਲੇ ਦੇ ਇਮਤਿਹਾਨਾਂ ਵਿਚ ਚੁਣੇ ਜਾਂਦੇ ਹਨ। ਉਹਨਾਂ ਨੂੰ ਦੇਸ਼ ਦਾ 'ਮਲਾਈ ਦਿਮਾਗ' ਕਿਹਾ ਜਾਂਦਾ ਹੈ । ਇਸ ਮਲਾਈ ਦਿਮਾਗਾਂ ਵਿਚੋਂ ਇਕ ਹੀ ਦਿਮਾਗ ਜੇਕਰ ਇਹ ਤਹੱਈਆ ਕਰ ਲਵੇ ਕਿ ਉਸਨੇ ਆਪਣੀ ਡਿਊਟੀ ਕਰਨੀ ਹੈ ਤਾਂ ਏਨੀ ਬੇਵਸੀ ਨਾ ਹੋਵੇ। ਪਿਛਲੇ ਸਾਲਾਂ ਵਿਚ ਸ਼ੇਸ਼ਨ ਇਕ ਮਿਸਾਲ ਹੈ। ਉਸਨੇ ਪ੍ਰਚੱਲਤ ਇਲੈਕਸ਼ਨ ਸਿਸਟਮ ਵਿਚ ਇਕ ਇਰਾਦੇ ਨਾਲ ਦਖ਼ਲ ਅੰਦਾਜ਼ੀ ਕੀਤੀ। ਬਹੁਤ ਹੱਦ ਤਕ ਨਤੀਜੇ ਵੀ ਹਾਸਿਲ ਕੀਤੇ । ਸਿਆਸੀ ਲੀਡਰਾਂ ਨੇ ਔਖਿਆਈ ਵੀ ਮਹਿਸੂਸ ਕੀਤੀ, ਪਰ ਉਹ ਕੁਝ ਕਰ ਨਾ ਸਕੇ।

ਇਸ ਮੁੱਦੇ ਦਾ ਇਕ ਪਹਿਲੂ ਇਹ ਵੀ ਬਹੁਤ ਵਾਰ ਉਭਰਕੇ ਸਾਹਮਣੇ ਆਉਂਦਾ ਹੈ ਕਿ ਆਈ.ਏ.ਐਸ. ਅਫ਼ਸਰ ਕੀ ਕਰਨ ਜੇ ਸਿਆਸੀ ਦਖਲਅੰਦਾਜ਼ੀ ਉਹਨਾਂ ਨੂੰ ਆਪਣੇ ਫਰਜ਼ ਸਰਅੰਜਾਮ ਕਰਨ ਵਿਚ ਰੁਕਾਵਟ ਪਾਉਂਦੀ ਹੈ ? ਪਰ ਪਿਛਲੇ ਹਫਤੇ ਚੀਫ ਸੈਕਟਰੀਆਂ ਦੀ ਆਪਸੀ ਇਕ ਮੀਟਿੰਗ ਵਿਚ ਇਸ ਮੁੱਦੇ ਨੂੰ ਵੀ ਵਿਚਾਰਿਆ ਗਿਆ। ਇਹ ਅਫਸਰ ਇਸ ਨਤੀਜੇ ਤੇ ਪੁੱਜੇ ਹਨ ਕਿ ਭਾਰਤ ਦੇ ਵਿਧਾਨ ਵਿਚ ਇਸ ਗੱਲ ਦੀ ਪੂਰੀ ਗਾਰੰਟੀ ਹੈ ਕਿ ਇਹ ਅਫਸਰ ਜੇ ਡੱਟ ਜਾਣ ਤਾਂ ਸਿਆਸੀ ਦਖ਼ਲ ਅੰਦਾਜ਼ੀ ਨਹੀਂ ਹੋ ਸਕਦੀ। ਵਿਧਾਨ ਇਹ ਕਹਿੰਦਾ ਹੈ ਕਿ ਸਮੇਂ ਦੀ ਸਰਕਾਰ ਜਾਂ ਪਾਰਲੀਮੈਂਟ ਸਿਰਫ਼ ਦਿਸ਼ਾ ਜਾਂ ਪਾਲਿਸੀ ਬਾਰੇ ਫੈਸਲਾ ਕਰਦੀ ਹੈ, ਅੱਗੋਂ ਪ੍ਰਬੰਧਕਾਂ ਨੇ ਇਸ ਅਨੁਸਾਰ ਕੰਮ ਕਰਨਾ ਹੈ। ਪ੍ਰਬੰਧਕੀ ਕੰਮ ਵਿਚ ਹਾਕਮ ਪਾਰਟੀ ਦੀ ਦਖ਼ਲ ਨੂੰ ਪੂਰੀ ਤਰ੍ਹਾਂ ਰੋਕਿਆ ਜਾ ਸਕਦਾ ਹੈ । ਪ੍ਰਬੰਧਕੀ ਪ੍ਰਣਾਲੀ ਮਹਿੰਗਾਈ ਨੂੰ ਠੱਲ੍ਹ ਪਾ ਸਕਦੀ ਹੈ ਕਿਉਂਕਿ ਕੋਈ ਵੀ ਰਾਜ ਕਰਦੀ ਪਾਰਟੀ ਇਹ ਕਹਿਣ ਦੀ ਜੁਰਅਤ ਨਹੀਂ ਕਰ ਸਕਦੀ ਕਿ ਮਹਿੰਗਾਈ ਹੋਵੇ, ਭਾਵੇਂ ਉਸਦੇ ਕਿੰਨੇ ਵੀ ਹਿੱਤ ਇਸ ਵਿਚ ਹੋਣ ।

ਲੋੜ ਹੈ ਕਿ ਸਾਧਾਰਨ ਲੋਕਾਂ ਨੂੰ ਦੇਸ਼ ਤੇ ਪ੍ਰਦੇਸ਼ ਦੇ ਮਸਲਿਆਂ ਵਲ ਸੰਬੋਧਨ ਹੋਣ ਦੀ ਜਾਂਚ ਦੱਸੀ ਜਾਵੇ। ਇਲੈਕਸ਼ਨਾਂ ਵੀ ਹੋਣ ਤਾਂ ਉਹ ਸਿਰਫ਼ ਸਿਆਸੀ ਤੋੜ-ਫੋੜ ਤੱਕ ਮਹਿਦੂਦ ਹੋ ਕੇ ਨਾ ਰਹਿ ਜਾਣ, ਸਗੋਂ ਅਸਲੀ ਮੁੱਦਿਆਂ ਨੂੰ ਸੰਬੋਧਨ ਹੋਣ ਦੀ ਮਸ਼ਕ ਹੋਣ । ਅੱਜ ਕੱਲ ਚੰਡੀਗੜ੍ਹ ਦੀਆਂ ਕਾਰਪੋਰੇਸ਼ਨ ਇਲੈਕਸ਼ਨਾਂ ਹੋ ਰਹੀਆਂ ਹਨ। ਭਾਜਪਾ, ਕਾਂਗਰਸ, ਸਮਾਜਵਾਦੀ ਜਨਤਾ ਪਾਰਟੀ, ਅਕਾਲੀ, ਜਨਤਾ ਪਾਰਟੀ ਅਤੇ ਕਮਿਊਨਿਸਟ ਪਾਰਟੀਆਂ ਇਸ ਵਿਚ ਹਿੱਸਾ ਲੈ ਰਹੀਆਂ ਹਨ। ਸਾਧਾਰਨ ਬੰਦਾ ਕਿਸੇ ਵੀ ਇਲੈਕਸ਼ਨ ਜਲਸੇ ਵਿਚ ਜਾਏ ਉਹਨੂੰ ਇਕੋ ਗੱਲ ਸੁਣਨ ਨੂੰ ਮਿਲ ਰਹੀ ਹੈ ਕਿ ਉਹਨਾਂ ਦੀ ਪਾਰਟੀ ਚੰਡੀਗੜ੍ਹ ਨੂੰ ਸਾਫ ਸੁਥਰਾ ਪ੍ਰਬੰਧ ਦੇਵੇਗੀ। ਭ੍ਰਿਸਟਾਚਾਰ ਨਹੀਂ ਹੋਵੇਗਾ। ਬਿਜਲੀ ਪਾਣੀ ਦਾ ਪ੍ਰਬੰਧ ਹੋਵੇਗਾ ਆਦਿਕ। ਮਜ਼ਦੂਰ ਕਾਲੋਨੀਆਂ ਵਿਚ ਵੀ ਸਾਰੀਆਂ ਪਾਰਟੀਆਂ ਦਾ ਇਕ ਹੀ ਵਾਅਦਾ ਹੈ ਕਿ ਉਹਨਾਂ ਦੀ ਪਾਰਟੀ ਬਸਤੀਆਂ ਵਿਚ ਬੁਨਿਆਦੀ ਸਹੂਲਤਾਂ ਮੁਹੱਈਆ ਕਰੇਗੀ। ਸਾਰੀਆਂ ਪਾਰਟੀਆਂ ਇਕੋ ਹੀ ਗੱਲ ਕਹਿੰਦੀਆਂ ਹਨ ਤੇ ਫਰਕ ਕਿੱਥੇ ਹੈ ? ਇਸੇ ਕਰਕੇ ਹਵਾ ਨਾ ਕਿਸੇ ਦੇ ਹੱਕ ਵਿਚ ਹੈ ਤੇ ਨਾ ਹੀ ਕਿਸੇ ਦੇ ਵਿਰੋਧ ਵਿਚ॥ ਫਿਰ ਲੋਕਲ ਚੌਧਰੀਆਂ ਦੇ ਹੱਥ ਵਿਚ ਹੈ। ਉਹਨਾਂ ਨੂੰ ਗੰਢਣ ਤੇ ਸਾਰਾ ਜ਼ੋਰ ਲੱਗਿਆ ਹੋਇਆ ਹੈ । ਸਾਧਾਰਨ ਬੰਦੇ ਲਈ ਜਿਹੜਾ ਜ਼ਿੰਦਗੀ ਤੇ ਮੌਤ ਦਾ ਸਵਾਲ ਹੈ, ਉਸਦੇ ਬਾਰੇ ਕੋਈ ਬਾ-ਦਲੀਲ ਵਿਆਖਿਆ ਨਹੀਂ। ਖੱਬੀ ਧਿਰ ਦੇ ਚਾਰ ਉਮੀਦਵਾਰ ਇਹ ਇਲੈਕਸ਼ਨਾਂ ਲੜ ਰਹੇ ਹਨ। ਉਹ ਸਿਰਫ ਇਸ ਮੁੱਦੇ ਬਾਰੇ ਲੋਕਾਂ ਨੂੰ ਸਿੱਖਿਅਤ ਕਰਨ ਕਿ ਇਹ ਜਿਹੜਾ ਪੈਸਾ ਤੇ ਮੰਡੀ ਪ੍ਰਧਾਨ ਪ੍ਰਬੰਧ ਚਲ ਰਿਹਾ ਹੈ , ਇਸਨੂੰ ਬਦਲੇ ਬਗੈਰ ਅਤੇ ਸਮਾਜਵਾਦੀ ਪ੍ਰਬੰਧ ਲਿਆਏ ਬਗੈਰ ਸਾਧਾਰਨ ਬੰਦੇ ਦੀ ਮੁਕਤੀ ਨਹੀਂ ਹੈ, ਤਾਂ ਹੀ ਚੋਣਾਂ ਵਿਚ ਲਗਾਈ ਗਈ ਸ਼ਕਤੀ ਅਗਾਹ ਕੋਈ ਕਾਰਗਰ ਹੋ ਸਕਦੀ ਹੈ। ਆਟਾ 5 ਰੁਪਏ ਕਿਲੋ ਤੋਂ 8 ਰੁਪਏ ਕਿਲੋ ਹੋਣਾ ਕੋਈ ਮਾਮੂਲੀ ਮੁੱਦਾ ਨਹੀਂ। ਇਹਦੀ ਸਹੀ ਵਿਆਖਿਆ ਅਤੇ ਇਹਦੇ ਹੱਲ ਬਾਰੇ ਲੋਕਾਂ ਨੂੰ ਸਮਝਾਉਣਾ, ਇਹ ਅੱਜ ਦੇ ਸਮੇਂ ਦੀ ਲੋੜ ਹੈ । ਇਹੀ ਲੋਕਾਂ ਲਈ ਸਿਆਸੀ ਪੜ੍ਹਾਈ ਹੈ ।